ADDL. CHIEF ADMINISTRATOR-CUM-ELECTORAL REGISTRATION OFFICER
-093-BATHINDA(RURAL)(SC), Zila Parshid Bhawan, 2nd Floor,
Cabin No.213-214 BATHINDA
Phone/Fax No. 0164-2241949
email:: erobathindarural93@gmail.com
ਜਿੰਮੇਵਾਰ ਬਣੋ, ਵੋਟਰ ਬਣੋ ਜਿੰਮੇਵਾਰ ਬਣੋ, ਵੋਟਰ ਬਣੋ

ਨੰਬਰ ਚਸ/2023/ 356 ਮਿਤੀ 6/1/2023

ਵੱਲ

ਜਿਲਾ ਸਿਖਿਆ ਅਫਸਰ(ਸੈਕੰਡਰੀ) ਬਠਿੰਡਾ।
ਜਿਲਾ ਸਿਖਿਆ ਅਫਸਰ(ਐਲੀ ਸਿ)ਬਠਿੰਡਾ।

ਵਿਸ਼ਾ: ਮਿਤੀ 01.01.2023 ਨੂੰ ਯੋਗਤਾ ਦੇ ਅਧਾਰ ਤੇ ਵੋਟਰ ਸੂਚੀਆਂ ਦੀ ਸੁਧਾਈ ਸੰਬਧੀ ਮਿਤੀ 08.01.2023, 05.02.2023 ਅਤੇ 05.03.2023 ਸਕੂਲਾਂ ਨੂੰ ਖੁਲਿਆ ਰੱਖਣ ਬਾਰੇ।

ਉਪਰੋਕਤ ਵਿਸੇ ਤੇ ਭਾਰਤ ਚੋਣ ਕਮਿਸਨ, ਨਵੀ ਦਿਲੀ ਦੀਆਂ ਹਦਾਇਤਾਂ ਅਨੁਸਾਰ 093 ਬਠਿੰਡਾ ਦਿਹਾਤੀ ਵਿਧਾਨ ਸਭਾ ਹਲਕੇ ਦੀਆਂ ਵੋਟਰ ਸੂਚੀਆਂ ਦੀ ਸੁਧਾਈ ਨੂੰ ਮੁਖ ਰੱਖਦਿਆਂ ਮਿਤੀ 1-1-2023 ਨੂੰ ਯੋਗਤਾ ਮਿਤੀ ਦੇ ਆਧਾਰ ਤੇ ਵੋਟਰਾਂ ਨੂੰ ਬੀ.ਐਲ.ਓ ਵੱਲੋਂ ਅਧਾਰ ਕਾਰਡ ਨਾਲ ਲਿੰਕ ਕੀਤਾ ਜਾਣਾ ਹੈ ਅਤੇ ਮਿਤੀ 08.01.2023, 05.02.2023 ਅਤੇ 05.03.2023 ਨੂੰ ਸਵੇਰੇ 10.00 ਵਜੇ ਤੋਂ ਸ਼ਾਮ 4.00 ਜੇ ਤੱਕ ਆਪੋ ਆਪਣੇ ਪੋਲਿੰਗ ਬੂਥਾ ਤੇ ਸਪੈਸ਼ਲ ਕੈਂਪ ਲਗਾਇਆ ਜਾ ਰਿਹਾ ਹੈ। ਇਸ ਲਈ ਸਮੂਹ ਸਕੂਲਾਂ ਦੇ ਮੁੱਖੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣ ਕਿ ਉਕਤ ਮਿਤੀ ਨੂੰ ਛੁੱਟੀ ਵਾਲੇ ਦਿਨ ਸਕੂਲਾਂ ਨੂੰ ਖੁੱਲਿਆਂ ਰੱਖਣ ਲਈ ਕਰਮਚਾਰੀਆਂ ਦੀ ਡਿਊਟੀ ਲਗਾ ਦਿੱਤੀ ਜਾਵੇ। ਇਸ ਤੋਂ ਇਲਾਵਾ ਸਕੂਲਾਂ ਦੇ ਮੁੱਖੀਆਂ ਨੂੰ ਲੋੜੀਦਾ ਫਰਨੀਚਰ ਆਦਿ ਮੁਹੱਈਆ ਕਰਵਾਉਣ ਲਈ ਹਦਾਇਤ ਕੀਤੀ ਜਾਵੇ, ਤਾਂ ਜੋ ਬੀ.ਐਲ.ਓਜ ਨੂੰ ਕਿਸੇ ਕਿਸਮ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਕਿਸੇ ਕਿਸਮ ਦੀ ਅਣਗਹਿਲੀ ਕਰਨ ਦੀ ਸੂਰਤ ਵਿਚ ਲੋਕ ਪ੍ਰਤੀਨਿਧਤਾ ਐਕਟ 1951 ਦੀ ਧਾਰਾ 32 ਤਹਿਤ ਅਨੁਸ਼ਾਸਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਇਨਾਂ ਹਦਾਇਤਾਂ ਦੀ ਇਨ-ਬਿਨ ਪਾਲਣਾਂ ਕਰਨੀ ਯਕੀਨੀ ਬਣਾਈ ਜਾਵੇ ਅਤੇ ਇਹ ਹਦਾਇਤਾਂ ਸਮੂਹ ਸਕੂਲਾਂ ਦੇ ਮੁੱਖੀਆਂ/ਫੀਲਡ ਅਫਸਰਾਂ ਨੂੰ ਤੁਰੰਤ ਲੋੜੀਦੀ ਕਾਰਵਾਈ ਲਈ ਭੇਜੀਆਂ ਜਾਂਣ।

ਚੋਣਕਾਰ ਰਜਿਸਟਰੇਸ਼ਨ ਅਫਸਰ
93-ਬਠਿੰਡਾ ਦਿਹਾਤੀ ਵਿਧਾਨ ਸਭਾ ਹਲਕਾ
ਮਿਤੀ

ਪਿਠਅੰਕਣ ਨੰਬਰ ਚਸ/2023/ 357

ਇਸ ਦਾ ਇਕ ਉਤਾਰਾ ਇਸ ਦਾ ਇਕ ਉਤਾਰਾ ਜਾਂਦਾ ਹੈ।

1 ਜਿਲ੍ਹਾ ਚੋਣ ਅਫਸਰ ਬਠਿੰਡਾ ਜੀ ਨੂੰ ਸੂਚਨਾਂ ਹਿਤ ਭੇਜਿਆ ਜਾਂਦਾ ਹੈ।

2 ਸਮੂਹ ਸੁਪਰਵਾਈਜਰਾਂ ਨੂੰ ਬੇਨਤੀ ਹੈ ਕਿ ਮਿਤੀ 08.01.2023, 05.02.2023 ਅਤੇ 05.03.2023 ਨੂੰ ਬੀ ਐਲ ਓਜ ਨੂੰ ਪੋਲਿੰਗ ਬੂਥ ਤੇ ਬੈਠਣਾਂ ਯਕੀਨੀ ਬਣਾਇਆ ਜਾਵੇ ਅਤੇ ਬਕਾਇਦਾ ਨਿਜੀ ਤੌਰ ਤੇ ਬੂਥਾਂ ਦੀ ਚੈਕਿੰਗ ਕੀਤੀ ਜਾਵੇ ਅਤੇ ਕੈਂਪ ਤੋਂ ਅਗਲੇ ਦਿਨ ਸਵੇਰੇ 10.00 ਵਜੇ ਤੱਕ ਨਾਲ ਨੱਥੀ ਪ੍ਰੋਫਾਰਮੇ ਅਨੁਸਾਰ ਰਿਪੋਰਟ ਭੇਜੀ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫਸਰ
093-ਬਠਿੰਡਾ ਦਿਹਾਤੀ ਵਿਧਾਨ ਸਭਾ ਹਲਕਾ

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ.)
ਪਿੱਠ ਅੰਕਣ: ਜੀ-4/1()2023/186 ਮਿਤੀ: 06/01/2023
ਉਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

6/1/23
(ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ.)
ਬਠਿੰਡਾ ਜਾਵੇ